

# ਪੂਰੇ ਦਿਨ ਦੀ ਕਿੰਡਰਗਾਰਟਨ

## ਮਾਪਿਆਂ ਲਈ ਸੁਆਲ ਅਤੇ ਜੁਆਬ ਵਾਲੀ ਇਕ ਗਾਈਡ

ਪੂਰੇ ਦਿਨ ਦੀ ਕਿੰਡਰਗਾਰਟਨ ਦੀ ਸ਼ੁਰੂਆਤ - ਤੁਹਾਡੇ ਬੱਚੇ ਲਈ ਅਤੇ ਤੁਹਾਡੇ ਲਈ, ਇਕ ਨਵਾਂ ਉਤੇਜਤ ਕਰਨ ਵਾਲਾ ਕਦਮ ਹੈ। ਇਹ ਗਾਈਡ ਤੁਹਾਨੂੰ ਪੂਰੇ ਦਿਨ ਦੀ ਕਿੰਡਰਗਾਰਟਨ ਬਾਰੇ ਕੁਝ ਵੇਰਵੇ ਦੇਵੇਗੀ ਅਤੇ ਉਨ੍ਹਾਂ ਕੁਝ ਸਵਾਲਾਂ ਦੇ ਜਵਾਬ ਦੇਵੇਗੀ ਜਿਹੜੇ ਤੁਹਾਡੇ ਮਨ ਵਿਚ ਇਸ ਬਾਰੇ ਹੋ ਸਕਦੇ ਹਨ ਕਿ ਇਹ ਕਿਵੇਂ ਕੰਮ ਕਰਦੀ ਹੈ ਅਤੇ ਇਹ ਤੁਹਾਡੇ ਬੱਚੇ ਦੀ ਕਿਵੇਂ ਮਦਦ ਕਰੇਗੀ।

## ਪੂਰੇ ਦਿਨ ਦੀ ਕਿੰਡਰਗਾਰਟਨ ਕੀ ਹੈ?

ਓਂਟਾਰੀਓ ਦੇ ਸਾਰੇ ਚਾਰ ਅਤੇ ਪੰਜ ਸਾਲ ਦੀ ਉਮਰ ਦੇ ਬੱਚਿਆਂ ਲਈ ਸਰਕਾਰੀ ਫੰਡਾਂ ਵਾਲੇ ਸਕੂਲਾਂ ਵਿਚ ਪੂਰੇ ਦਿਨ ਦੀ ਕਿੰਡਰਗਾਰਟਨ ਮਿਲਦੀ ਹੈ।

ਪੂਰੇ ਦਿਨ ਦੀ ਕਿੰਡਰਗਾਰਟਨ ਦਿੰਦੀ ਹੈ:

- ਦੋ ਸਾਲਾ ਪ੍ਰੋਗਰਾਮ ਜੋ ਕਿ ਸਿੱਖਿਆ ਲਈ ਮਜ਼ਬੂਤ ਨੀਂਹ ਤਿਆਰ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ ਜਿਹੜਾ ਕਿ ਬੱਚੇ ਦੇ ਵਿਕਾਸ ਦੇ ਸਾਰੇ ਖੇਤਰਾਂ ਨੂੰ ਉਤਸ਼ਾਹ ਦਿੰਦਾ ਹੈ।
- ਅਜਿਹਾ ਮਾਹੌਲ ਜਿਹੜਾ ਸੰਬੰਧਾਂ, ਖੇਡਣ, ਪਤਾ ਲਾਉਣ ਅਤੇ ਪੁੱਛ-ਗਿੱਛ ਕਰਨ ਰਾਹੀਂ ਸਿੱਖਣ ਦੀ ਹਿਮਾਇਤ ਕਰਦਾ ਹੈ।
- ਸਕੂਲ ਦੇ ਆਮ ਦਿਨ ਦੇ ਪੂਰਕ ਵਜੋਂ ਸਕੂਲ ਦੇ ਸਮੇਂ ਤੋਂ ਪਹਿਲਾਂ ਅਤੇ ਮਗਰੋਂ ਲਈ ਤਿਆਰ ਕੀਤੇ ਗਏ ਪ੍ਰੋਗਰਾਮ। ਇਨ੍ਹਾਂ ਪ੍ਰੋਗਰਾਮਾਂ ਨੂੰ ਲੈਣਾ ਮਰਜ਼ੀ ਹੈ ਅਤੇ ਜਾਇਜ਼ ਫੀਸਾਂ `ਤੇ ਮਾਪਿਆਂ ਨੂੰ ਪੇਸ਼ ਕੀਤੇ ਜਾਂਦੇ ਹਨ। ਯੋਗ ਹੋਣ ਵਾਲੇ ਪਰਿਵਾਰਾਂ ਲਈ ਆਰਥਿਕ ਮਦਦ ਉਪਲਬਧ ਹੋ ਸਕਦੀ ਹੈ। ਸਕੂਲ ਬੋਰਡ ਮਾਪਿਆਂ ਦੀ ਮੰਗ ਮੁਤਾਬਕ ਸਕੂਲ ਤੋਂ ਪਹਿਲਾਂ ਅਤੇ ਬਾਅਦ ਦੇ ਪ੍ਰੋਗਰਾਮ ਪੇਸ਼ ਕਰਨਗੇ।

## ਮੇਰੇ ਬੱਚੇ ਨੂੰ ਲਾਭ ਕਿਵੇਂ ਹੋਏਗਾ?

ਅੱਜ ਦੀ ਗੁੰਝਲਦਾਰ ਦੁਨੀਆ ਵਿਚ, ਪੜ੍ਹਾਈ ਸਾਡੇ ਬੱਚਿਆਂ ਲਈ ਪਹਿਲਾਂ ਕਿਸੇ ਵੀ ਸਮੇਂ ਨਾਲੋਂ ਜ਼ਿਆਦਾ ਜ਼ਰੂਰੀ ਬਣ ਗਈ ਹੈ। ਪੂਰੇ ਦਿਨ ਦੀ ਕਿੰਡਰਗਾਰਟਨ ਤੁਹਾਡੇ ਬੱਚੇ ਨੂੰ ਸਕੂਲ ਅਤੇ ਜ਼ਿੰਦਗੀ ਵਿਚ ਤਕੜੀ ਸ਼ੁਰੂਆਤ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਅਗੇਤੀ ਸਿੱਖਿਆ ਅਤੇ ਬੱਚੇ ਦੇ ਵਿਕਾਸ ਵਿਚ ਮਦਦ ਕਰਨ ਲਈ, ਸਰਕਾਰੀ ਫੰਡਾਂ ਨਾਲ ਚੱਲਣ ਵਾਲੇ ਸਕੂਲ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਓਂਟਾਰੀਓ ਦੇ ਲੰਬੇ ਸਮੇਂ ਦੇ ਆਰਥਿਕ ਮੁਕਾਬਲਾਕਾਰੀ ਫ਼ਾਇਦੇ ਵਿਚ ਯੋਗਦਾਨ ਪਾਉਣ ਲਈ ਓਂਟਾਰੀਓ ਦੀ ਪਲੈਨ ਦਾ ਹਿੱਸਾ ਹੈ।

ਚਾਰ ਅਤੇ ਪੰਜ ਸਾਲਾਂ ਦੇ ਬੱਚਿਆਂ ਲਈ ਪੂਰੇ ਦਿਨ ਦੀ ਕਿੰਡਰਗਾਰਟਨ ਲੈਣਾ ਮਰਜ਼ੀ ਹੈ। ਪਰ ਖੋਜ ਤੋਂ ਪਤਾ ਲਗਦਾ ਹੈ ਕਿ ਜਿਹੜੇ ਬੱਚੇ ਪੂਰੇ ਦਿਨ ਵਾਲੇ ਸਿੱਖਣ ਦੇ ਅਗੇਤੇ ਪ੍ਰੋਗਰਾਮਾਂ ਵਿਚ ਹਿੱਸਾ ਲੈਂਦੇ ਹਨ – ਜਿਵੇਂ ਕਿ ਪੂਰੇ ਦਿਨ ਦੀ ਕਿੰਡਰਗਾਰਟਨ – ਉਹ ਸਕੂਲ ਅਤੇ ਜ਼ਿੰਦਗੀ ਵਿਚ ਮਜ਼ਬੂਤ ਸ਼ੁਰੂਆਤ ਕਰਦੇ ਹਨ।





ਪੂਰੇ ਦਿਨ ਦੀ ਕਿੰਡਰਗਾਰਟਨ ਵਿਚ ਤੁਹਾਡੇ ਬੱਚੇ ਨੂੰ ਇਹਨਾਂ ਤੋਂ ਲਾਭ ਹੋਏਗਾ:

### ਸਕੂਲ ਵਿਚ ਇਕ ਮਜ਼ਬੂਤ ਸ਼ੁਰੂਆਤ

ਸਾਰੇ ਬੱਚੇ ਸਕੂਲ ਵਿਚ ਯੋਗ, ਸਮਰੱਥ ਅਤੇ ਸਿੱਖਣ ਲਈ ਤਿਆਰ ਦਾਖਲ ਹੁੰਦੇ ਹਨ। ਜ਼ਿੰਦਗੀ ਵਿਚ ਅਗੇਤੇ ਪੂਰੇ ਦਿਨ ਦੀ ਸਿੱਖਿਆ ਤੁਹਾਡੇ ਬੱਚੇ ਦੇ ਪੜ੍ਹਨ, ਲਿਖਣ ਅਤੇ ਹਿਸਾਬ ਦੇ ਹੁਨਰਾਂ ਵਿਚ ਸੁਧਾਰ ਕਰ ਸਕਦੀ ਹੈ ਅਤੇ ਭਵਿੱਖ ਦੀ ਸਿੱਖਿਆ ਲਈ ਇਕ ਮਜ਼ਬੂਤ ਬੁਨਿਆਦ ਪ੍ਰਦਾਨ ਕਰਦੀ ਹੈ। ਇਹ ਤੁਹਾਡੇ ਅਤੇ ਤੁਹਾਡੇ ਬੱਚੇ ਦੋਵਾਂ ਲਈ ਗਰੇਡ 1 ਵਿਚ ਜਾਣ ਨੂੰ ਸੌਖਾ ਵੀ ਬਣਾਉਂਦੀ ਹੈ।

ਬੱਚਿਆਂ ਦੇ ਸਕੂਲ ਵਿਚ ਅਗੇਤੇ ਅਨੁਭਵ ਬਹੁਤ ਮਹੱਤਵਪੂਰਨ ਹਨ। ਇਹ ਅਨੁਭਵ ਬੱਚਿਆਂ ਦੀ ਸਮੁੱਚੀ ਸਿਹਤ ਵਿਚ ਸੁਧਾਰ ਕਰਨ ਅਤੇ ਜ਼ਿੰਦਗੀ ਭਰ ਦੀ ਭਲਾਈ ਲਈ ਵਧੀਆ ਹਨ। ਜਦੋਂ ਬੱਚੇ ਜੁੜੇ ਹੋਣ ਅਤੇ ਹਿੱਸਾ ਲੈਣ ਦੀ ਭਾਵਨਾ ਮਹਿਸੂਸ ਕਰਦੇ ਹਨ ਤਾਂ ਉਹ ਸਿੱਖਣ ਲਈ ਪ੍ਰੇਰਿਤ ਹੁੰਦੇ ਹਨ ਅਤੇ ਸਕੂਲ ਦੇ ਅਨੁਭਵ ਦਾ ਹਿੱਸਾ ਬਣਨ ਦੀ ਤਾਂਘ ਵਿਚ ਹੁੰਦੇ ਹਨ।

### *ਕਲਾਸ ਦੇ ਸਾਥੀਆਂ ਨਾਲ ਸੰਬੰਧ ਬਣਾਉਣ ਲਈ ਵਧੇਰੇ ਸਮਾਂ*

ਸਕੂਲ ਦੇ ਆਮ ਦਿਨ ਦੌਰਾਨ, ਤੁਹਾਡਾ ਬੱਚਾ ਹੋਰ ਬੱਚਿਆਂ ਅਤੇ ਟੀਚਰਾਂ ਨਾਲ ਸਮਾਜਕ ਤੌਰ `ਤੇ ਖੁੱਲਣ ਯੋਗ ਹੋਣ ਤੋਂ ਲਾਭ ਪ੍ਰਾਪਤ ਕਰੇਗਾ। ਇਹ ਤੁਹਾਡੇ ਬੱਚੇ ਦੀ ਉਹ ਸਮਾਜਿਕ ਅਤੇ ਜਜ਼ਬਾਤੀ ਹੁਨਰ ਵਿਕਸਤ ਕਰਨ ਵਿਚ ਮਦਦ ਕਰਦਾ ਹੈ ਜਿਹੜੇ ਭਵਿੱਖ ਵਿਚ ਸਕੂਲ ਵਿਚ ਅਤੇ ਅਗਾਂਹ ਕਾਮਯਾਬੀ ਲਈ ਜ਼ਰੂਰੀ ਹਨ। ਸਕੂਲ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਤੁਹਾਡੇ ਬੱਚੇ ਨੂੰ ਜਾਣੂ ਮਾਹੌਲ ਵਿਚ ਹੋਰਨਾਂ ਨਾਲ ਹੋਰ ਵੀ ਜ਼ਿਆਦਾ ਅਨੁਭਵ ਪ੍ਰਦਾਨ ਕਰੇਗਾ।

## ਮੇਰੇ ਬੱਚੇ ਦੀ ਪੜ੍ਹਾਈ ਵਿਚ ਕੌਣ ਮਦਦ ਕਰੇਗਾ?

ਟੀਚਰ ਅਤੇ ਮੁਢਲੇ ਬਚਪਨ ਬਾਰੇ ਅਧਿਆਪਕ ਸਕੂਲੀ ਦਿਨ ਦੌਰਾਨ ਤੁਹਾਡੇ ਬੱਚੇ ਦੀ ਸਿੱਖਿਆ ਵਿਚ ਮਦਦ ਕਰਨ ਲਈ ਰਲ ਕੇ ਕੰਮ ਕਰਨਗੇ। ਉਹ, ਬਹੁਤ ਧਿਆਨ ਨਾਲ ਖੇਡਣ `ਤੇ ਆਧਾਰਿਤ ਬਣਾਏ ਗਏ ਪ੍ਰੋਗਰਾਮ ਨੂੰ ਲਾਗੂ ਕਰਨਗੇ, ਜੋ ਕਿ ਹਰੇਕ ਬੱਚੇ ਦੇ ਵਿਕਾਸ ਦੇ ਪੱਧਰ ਲਈ ਚੁਨੌਤੀਜਨਕ ਅਤੇ ਅਨੁਕੂਲ ਹੋਵੇਗਾ। ਚੁਨੌਤੀ ਦੇਣ ਅਤੇ ਦਿਨ ਦੌਰਾਨ ਹੋਣ ਵਾਲੀ ਪੜ੍ਹਾਈ ਨੂੰ ਵਧਾਉਣ ਲਈ ਉਹ ਤੁਹਾਡੇ ਬੱਚੇ ਦੇ ਖਿਆਲਾਂ ਅਤੇ ਦਿਲਚਸਪੀਆਂ ਦਾ ਹੁੰਗਾਰਾ ਭਰਨਗੇ।

ਟੀਚਰ ਅਤੇ ਮੁਢਲੇ ਬਚਪਨ ਬਾਰੇ ਅਧਿਆਪਕ, ਦਿਨ ਭਰ ਬੱਚਿਆਂ ਦੇ ਵੱਖ ਵੱਖ ਗਰੁੱਪਾਂ ਨਾਲ ਸਿੱਖਣ ਦੇ ਵੱਖਰੇ ਮਾਹੌਲਾਂ ਵਿਚ ਕੰਮ ਕਰ ਸਕਦੇ ਹਨ। ਪਰ, ਇਕ ਟੀਮ ਵਜੋਂ ਰਲ ਕੇ ਕੰਮ ਕਰਕੇ ਉਹ ਤੁਹਾਡੇ ਬੱਚੇ ਦੀ ਸਿੱਖਿਆ ਅਤੇ ਵਿਕਾਸ ਵਿਚ ਮਦਦ ਕਰਨਗੇ। ਤੁਹਾਡੇ ਬੱਚੇ ਨੂੰ ਉਨ੍ਹਾਂ ਸਹਾਇਕ ਹੁਨਰਾਂ ਅਤੇ ਤਜਰਬਿਆਂ ਤੋਂ ਫ਼ਾਇਦਾ ਹੋਵੇਗਾ ਜਿਹੜੇ ਮੁਢਲੇ ਬਚਪਨ ਬਾਰੇ ਅਧਿਆਪਕ ਅਤੇ ਟੀਚਰ ਪ੍ਰੋਗਰਾਮ ਲਈ ਲੈ ਕੇ ਆਉਂਦੇ ਹਨ।

## ਆਮ ਸਕੂਲ ਦਿਨ ਦੌਰਾਨ ਮੇਰਾ ਬੱਚਾ ਕੀ ਸਿੱਖੇਗਾ ਅਤੇ ਕਰੇਗਾ?

ਤੁਹਾਡਾ ਬੱਚਾ ਸਿੱਖਣ ਦੇ ਵੱਖ ਵੱਖ ਮੌਕਿਆਂ ਵਿਚ ਸ਼ਾਮਲ ਹੋਵੇਗਾ ਜੋ ਕਿ ਛੋਟੇ ਸਿਖਾਂਦਰੂਆਂ ਦੀ ਖੋਜ ਕੱਢਣ, ਪਤਾ ਲਾਉਣ ਅਤੇ ਵਧਣ ਵਿਚ ਮਦਦ ਕਰਨ ਲਈ ਤਿਆਰ ਕੀਤੇ ਗਏ ਹਨ।

ਖੋਜ ਇਹ ਦਿਖਾਉਂਦੀ ਹੈ ਕਿ ਛੋਟੇ ਬੱਚਿਆਂ ਲਈ ਖੇਡ ਆਧਾਰਿਤ ਅਤੇ ਪੁੱਛ-ਗਿੱਛ ਕਰਨ ਵਾਲੀ ਸਿੱਖਿਆ ਵਿਚਕਾਰ ਇਕ ਮਜ਼ਬੂਤ ਲਿੰਕ ਹੈ, ਖਾਸ ਕਰਕੇ ਸਮੱਸਿਆਵਾਂ ਦਾ ਹੱਲ ਕਰਨ, ਭਾਸ਼ਾ ਅਤੇ ਅੱਖਰ ਗਿਆਨ, ਹਿਸਾਬ, ਅਤੇ ਸਮਾਜਿਕ, ਸਰੀਰਕ ਅਤੇ ਜਜ਼ਬਾਤੀ ਹੁਨਰਾਂ ਦੇ ਖੇਤਰਾਂ ਵਿਚ। ਇਹ ਤੁਹਾਡੇ ਬੱਚੇ ਦੀ ਰਚਨਾਤਮਿਕ ਤਰੀਕੇ ਨਾਲ ਸੋਚਣ, ਖੋਜ ਅਤੇ ਪੜਤਾਲ ਕਰਨ, ਸਮੱਸਿਆਵਾਂ ਦਾ ਹੱਲ ਕਰਨ ਅਤੇ ਹੋਰਨਾਂ ਨਾਲ ਰਲ ਕੇ ਸਿੱਖਣ ਵਿਚ ਮਦਦ ਕਰੇਗਾ।

ਪੂਰੇ ਦਿਨ ਦੀ ਕਿੰਡਰਗਾਰਟਨ ਦੀਆਂ ਕਲਾਸਾਂ ਵਿਚ, ਟੀਚਰਾਂ ਅਤੇ ਮੁਢਲੇ ਬਚਪਨ ਬਾਰੇ ਅਧਿਆਪਕਾਂ ਨੂੰ ਸੇਧ 2016 ਕਿੰਡਰਗਾਰਟਨ ਪ੍ਰੋਗਰਾਮ ਨਾਂ ਦੇ ਡਾਕੂਮੈਂਟ ਤੋਂ ਮਿਲੇਗੀ। ਇਹ ਤੁਹਾਡੇ ਬੱਚੇ ਦੀ ਅਜਿਹੇ ਸਮਾਜਿਕ, ਜਜ਼ਬਾਤੀ, ਰਚਨਾਤਮਿਕ, ਬੌਧਿਕ ਅਤੇ ਸਰੀਰਕ ਹੁਨਰ ਵਿਕਸਤ ਕਰਨ ਵਿਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ ਜਿਹੜੇ ਸਕੂਲ ਅਤੇ ਜ਼ਿੰਦਗੀ ਭਰ ਵਿਚ ਕਾਮਯਾਬੀ ਲਈ ਇਕ ਚੰਗੀ ਬੁਨਿਆਦ ਪ੍ਰਦਾਨ ਕਰਦੇ ਹਨ।



## ਖੇਡ ਰਾਹੀਂ ਸਿੱਖਣ ਦੀਆਂ ਉਦਾਹਰਣਾਂ

***ਭਾਲ ਕਰਨਾ ਅਤੇ ਪੜਤਾਲ ਕਰਨਾ:***
ਕਈ ਬੱਚੇ ਛੋਟੀਆਂ ਕਿਸ਼ਤੀਆਂ ਬਣਾਉਂਦੇ ਹਨ ਅਤੇ ਫਿਰ ਉਹਨਾਂ ਨੂੰ ਪਾਣੀ ਦੇ ਕੰਢੇ `ਤੇ ਲਿਆਉਂਦੇ ਹਨ। ਹਰ ਬੱਚਾ, ਆਪਣੀ ਕਿਸ਼ਤੀ ਨੂੰ ਪਾਣੀ ਵਿਚ ਪਾਉਂਦਾ ਹੈ ਅਤੇ ਫਿਰ ਇਕ ਸਮੇਂ ਇਕ ਸਿੱਪੀ ਕਿਸ਼ਤੀ ਵਿਚ ਰੱਖਦਾ ਹੈ। ਦੂਜਾ ਬੱਚਾ ਇਕ ਸੌਖੇ ਹਿਸਾਬ ਨਾਲ ਸਿੱਪੀਆਂ ਦੀ ਗਿਣਤੀ ਰੱਖਣ ਵਿਚ ਮਦਦ ਕਰਦਾ ਹੈ। ਅਧਿਆਪਕ ਬੱਚਿਆਂ ਨੂੰ ਇਹ ਪਤਾ ਲਾਉਣ ਲਈ ਕਹਿੰਦਾ/ਕਹਿੰਦੀ ਹੈ ਕਿ ਡੁੱਬਣ ਤੋਂ ਪਹਿਲਾਂ ਕਿਹੜੀ ਕਿਸ਼ਤੀ ਵਿਚ ਸਭ ਤੋਂ ਜ਼ਿਆਦਾ ਸਿੱਪੀਆਂ ਸਨ ਅਤੇ ਫਿਰ ਇਹ ਸੋਚਣ ਲਈ ਕਹਿੰਦਾ/ਕਹਿੰਦੀ ਹੈ ਕਿ ਇਹ ਹੋਰਨਾਂ ਕਿਸ਼ਤੀਆਂ ਨਾਲੋਂ ਵੱਖਰੀ ਕਿਵੇਂ ਹੈ।

***ਰਚਨਾਤਿਮਕ ਸੋਚਣੀ:***
ਬੱਚਿਆਂ ਦਾ ਇਕ ਛੋਟਾ ਗਰੁੱਪ ਆਪਣੇ ਵਿੱਚੋਂ ਸਭ ਤੋਂ ਲੰਮੇ ਬੱਚੇ ਜਿੰਨਾ ਲੰਮਾ ਇਕ ਬੁਰਜ ਬਣਾਉਣ ਲਈ ਕਈ ਕੋਸ਼ਿਸ਼ਾਂ ਕਰਦਾ ਹੈ। ਕੋਸ਼ਿਸ਼ ਅਤੇ ਭੁੱਲ-ਸੁਧਾਰ ਰਾਹੀਂ, ਉਹ ਵੇਖਦੇ ਹਨ ਕਿ ਜੇ ਉਹ, ਬੁਰਜ ਦੇ ਹੇਠਲੇ ਹਿੱਸੇ ਨੂੰ ਚੌੜਾ ਕਰਨ ਤਾਂ ਉਹ ਇਸਨੂੰ ਹੋਰ ਲੰਮਾ ਕਰ ਸਕਦੇ ਹਨ। ਉਹ ਆਪਣੇ ਢਾਂਚੇ ਦੀ ਇਕ ਤਸਵੀਰ ਬਣਾਉਂਦੇ ਹਨ ਅਤੇ ਆਪਣੀ ਸੋਚਣੀ ਨੂੰ ਦਿਖਾਉਣ ਲਈ ਸ਼ਬਦਾਂ ਅਤੇ ਨੰਬਰਾਂ ਦੀ ਵਰਤੋਂ ਕਰਦੇ ਹਨ। ਦਿਨ ਦੇ ਬਾਅਦ ਵਿਚ ਉਹ ਆਪਣੇ ਸਾਂਝੇ ਕੰਮ ਨੂੰ ਕਲਾਸ ਦੀ ਮੀਟਿੰਗ ਵਿਚ ਹੋਰ ਬੱਚਿਆਂ ਅਤੇ ਅਧਿਆਪਕਾਂ ਨੂੰ ਦਿਖਾਉਂਦੇ ਹਨ ਅਤੇ ਇਹ ਗੱਲਬਾਤ ਕਰਦੇ ਹਨ ਕਿ ਉਹ ਅਗਾਂਹ ਕਿੱਥੇ ਜਾਣਾ ਚਾਹੁੰਦੇ ਹਨ।

***ਵੇਖਣਾ ਅਤੇ ਸਿੱਖਣਾ:***
ਮੁੜ-ਵਰਤੋਂ ਯੋਗ ਸਾਮੱਗਰੀ ਤੋਂ ਪੰਛੀਆਂ ਨੂੰ ਦਾਣਾ ਪਾਉਣ ਵਾਲੇ ਭਾਂਡੇ ਬਣਾਉਣ ਮਗਰੋਂ, ਬੱਚੇ ਉਨ੍ਹਾਂ ਵਿਚ ਦਾਣੇ ਪਾਉਂਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਕਲਾਸ ਦੀ ਬਾਰੀ ਤੋਂ ਬਾਹਰ ਵਾਲੇ ਦਰਖ਼ਤ ਵਿਚ ਰੱਖਦੇ ਹਨ। ਉਹ, ਰੱਖੇ ਗਏ ਭਾਂਡਿਆਂ ਚੋਂ ਹਰੇਕ ਵਿਚ ਹੋ ਰਹੀ ਕਾਰਵਾਈ ਨੂੰ ਵੇਖਦੇ ਅਤੇ ਰਿਕਾਰਡ ਕਰਦੇ ਹਨ। ਟੀਚਰ ਅਤੇ ਮੁਢਲੇ ਬਚਪਨ ਬਾਰੇ ਇਕ ਅਧਿਆਪਕ ਦੀ ਸਹਾਇਤਾ ਨਾਲ ਅਤੇ ਆਪਣੇ ਨਿਰੀਖਣ ਦੇ ਆਧਾਰ `ਤੇ ਕੁਝ ਬੱਚੇ ਆਪਣੇ ਦਾਣਾ ਪਾਉਣ ਵਾਲੇ ਭਾਂਡਿਆਂ ਵਿਚ ਤਬਦੀਲੀ ਕਰਦੇ ਹਨ ਅਤੇ ਇਹ ਦੇਖਣ ਲਈ ਫਿਰ ਬਾਹਰ ਵਾਪਸ ਰੱਖਦੇ ਹਨ ਕਿ ਕੀ ਇਸ ਨੇ ਪੰਛੀਆਂ ਲਈ ਉਤਰਨਾ ਸੌਖਾ ਬਣਾਇਆ ਹੈ ਜਾਂ ਕੀ ਉਨ੍ਹਾਂ ਨੇ ਜ਼ਿਆਦਾ ਦਾਣੇ ਖਾਧੇ ਹਨ।

## ਮੇਰਾ ਬੱਚਾ, ਸਕੂਲ ਤੋਂ ਪਹਿਲਾਂ ਅਤੇ ਮਗਰੋਂ ਕੀ ਸਿੱਖੇਗਾ ਅਤੇ ਕਰੇਗਾ?

ਸਕੂਲ ਸਾਲ ਦੇ ਦੌਰਾਨ, ਜੇ ਕਾਫ਼ੀ ਮਾਪੇ ਚਾਹੁੰਦੇ ਹੋਣ ਤਾਂ ਕੁਝ ਸਕੂਲ, ਸਕੂਲ ਤੋਂ ਪਹਿਲਾਂ-ਅਤੇ ਮਗਰੋਂ-ਦੇ ਸਕੂਲ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨਗੇ। ਇਹ ਪ੍ਰੋਗਰਾਮ ਸਕੂਲ ਦੇ ਆਮ ਦਿਨ ਦੌਰਾਨ ਜੋ ਹੁੰਦਾ ਹੈ ਉਸ ਵਿਚ ਵਾਧਾ ਕਰਨਗੇ। ਮੁਢਲੇ ਬਚਪਨ ਬਾਰੇ ਇਕ ਅਧਿਆਪਕ ਦੀ ਦੇਖਭਾਲ ਹੇਠ, ਵਿਦਿਆਰਥੀ ਕਈ ਤਰ੍ਹਾਂ ਦੇ ਅੰਦਰਲੇ ਅਤੇ ਬਾਹਰਲੇ ਤਜਰਬਿਆਂ ਵਿਚ ਹਿੱਸਾ ਲੈਣਗੇ, ਜਿਹੜੇ ਬੱਚਿਆਂ ਦੀ ਦਿਲਚਸਪੀ ਨੂੰ ਧਿਆਨ ਵਿਚ ਰੱਖਦੇ ਹਨ।

ਜਿੱਥੇ ਮਾਪਿਆਂ ਤੋਂ ਕਾਫ਼ੀ ਮੰਗ ਹੁੰਦੀ ਹੈ ਅਤੇ ਸਕੂਲ ਬੋਰਡ ਕੋਲ ਸਮਰੱਥਾ ਹੁੰਦੀ ਹੈ, ਕੁਝ ਸਕੂਲ ਬੋਰਡ ਪ੍ਰੋਗਰਾਮ ਨੂੰ ਸਾਲ ਦੇ ਹੋਰਨਾਂ ਸਮਿਆਂ ਤੱਕ ਵੀ ਵਧਾ ਸਕਦੇ ਹਨ, ਜਿਸ ਵਿਚ ਗਰਮੀਆਂ ਅਤੇ ਮਾਰਚ ਦੀਆਂ ਛੁੱਟੀਆਂ ਵੀ ਸ਼ਾਮਲ ਹਨ। ਉਹ ਪ੍ਰੋਗਰਾਮ ਨੂੰ ਛੇ ਤੋਂ 12 ਸਾਲ ਦੀ ਉਮਰ ਦੇ ਬੱਚਿਆਂ ਤੱਕ ਵੀ ਉਪਲਬਧ ਕਰਵਾ ਸਕਦੇ ਹਨ।

ਇਹ ਪ੍ਰੋਗਰਾਮ ਲੈਣਾ ਤੁਹਾਡੀ ਮਰਜ਼ੀ ਹੈ ਅਤੇ ਇਹ ਸਕੂਲ ਬੋਰਡ ਵਲੋਂ ਤਹਿ ਕੀਤੀ ਜਾਂਦੀ ਵਾਜਬ ਫੀਸ `ਤੇ ਦਿੱਤੇ ਜਾਂਦੇ ਹਨ। ਹੋਰ ਵੇਰਵਿਆਂ ਲਈ ਆਪਣੇ ਲੋਕਲ ਪ੍ਰਿੰਸੀਪਲ ਜਾਂ ਸਕੂਲ ਬੋਰਡ ਤੋਂ ਪੁੱਛੋ। ਮਾਇਕ ਲੋੜ ਦੇ ਆਧਾਰ `ਤੇ ਕੁਝ ਪਰਿਵਾਰਾਂ ਲਈ ਮਿਊਨਿਸਪਲਿਟੀ ਰਾਹੀਂ ਸਬਸਿਡੀਆਂ ਵੀ ਉਪਲਬਧ ਹੋ ਸਕਦੀਆਂ ਹਨ।



## ਮੈਂ ਕਿਵੇਂ ਹਿੱਸਾ ਲੈ ਸਕਦਾ/ਸਕਦੀ ਹਾਂ?

ਆਪਣੇ ਬੱਚੇ ਦੀ ਸਿੱਖਿਆ ਵਿਚ ਤੁਹਾਡੀ ਸ਼ਮੂਲੀਅਤ ਉਸ ਦੀ ਪੜ੍ਹਾਈ ਦੇ ਹਰ ਪੱਧਰ `ਤੇ ਮਹੱਤਵਪੂਰਨ ਹੈ। ਤੁਸੀਂ ਇਨ੍ਹਾਂ ਕੁਝ ਸੌਖੇ ਤਰੀਕਿਆਂ ਨਾਲ ਆਪਣੇ ਬੱਚੇ ਦੀ ਪੂਰੇ ਦਿਨ ਦੀ ਕਿੰਡਰਗਾਰਟਨ ਦਾ ਵੱਧ ਤੋਂ ਵੱਧ ਫਾਇਦਾ ਲੈਣ ਵਿਚ ਮਦਦ ਕਰ ਸਕਦੇ ਹੋ:

- ਟੀਚਰ ਅਤੇ ਮੁਢਲੇ ਬਚਪਨ ਬਾਰੇ ਅਧਿਆਪਕ ਨਾਲ ਗੱਲ ਕਰੋ ਅਤੇ ਉਨ੍ਹਾਂ ਨੂੰ ਪੁੱਛੋ ਕਿ ਤੁਸੀਂ ਆਪਣੇ ਬੱਚੇ ਦੀ ਘਰ ਵਿਚ ਸਿੱਖਣ ਵਿਚ ਕਿਵੇਂ ਮਦਦ ਕਰ ਸਕਦੇ ਹੋ; ਉਦਾਹਰਣ ਲਈ, ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾ ਕੇ, ਆਪਣੇ ਬੱਚੇ ਨਾਲ ਖੇਡ ਕੇ ਅਤੇ ਅੰਦਰ ਅਤੇ ਬਾਹਰ ਇਕੱਠੇ ਤਜਰਬੇ ਕਰਨ ਦਾ ਆਨੰਦ ਮਾਣ ਕੇ।
- ਸਕੂਲ ਅਤੇ ਸਿੱਖਣ ਨੂੰ ਪਰਿਵਾਰਕ ਗੱਲਬਾਤ ਦਾ ਇਕ ਜ਼ਰੂਰੀ ਹਿੱਸਾ ਬਣਾ ਕੇ ਆਪਣੇ ਬੱਚੇ ਦੀ ਸਿੱਖਿਆ ਵਿਚ ਦਿਲਚਸਪੀ ਦਿਖਾਉ। ਤੁਸੀਂ ਆਪਣੇ ਬੱਚੇ ਨੂੰ ਇਹ ਵੀ ਪੁੱਛ ਸਕਦੇ ਹੋ ਕਿ ਉਸ ਨੇ ਦਿਨ ਦੌਰਾਨ ਕੀ ਸਿੱਖਿਆ ਹੈ। ਉਦਾਹਰਣ ਲਈ:
  - ਅੱਜ ਕਿੰਡਰਗਾਰਟਨ ਵਿਚ ਤੂੰ ਕੀ ਪਤਾ ਲਾਇਆ? ਇਹ ਕਰਨ ਦੀ ਸਭ ਤੋਂ ਬਿਹਤਰ ਥਾਂ ਕਿਹੜੀ ਸੀ? ਕੀ ਤੂੰ ਕੋਈ ਚੀਜ਼ ਲੱਭੀ ਜਾਂ ਕਿਸੇ ਚੁਣੌਤੀ/ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ?
  - ਕੀ ਤੁਸੀਂ ਅੰਦਰ ਸੀ ਜਾਂ ਬਾਹਰ ਸੀ? ਆਪਣੀ ਖੋਜ ਵਿਚ ਮਦਦ ਲਈ ਤੁਸੀਂ ਕਿਹੜੀਆਂ ਚੀਜ਼ਾਂ ਵਰਤੀਆਂ?
  - ਕੀ ਤੁਹਾਡੀਆਂ ਅਜਿਹੀਆਂ ਕੋਈ ਪਲੈਨਾਂ ਹਨ ਕਿ ਤੁਸੀਂ ਕੱਲ ਨੂੰ ਕੰਮ ਕਰਨਾ ਜਾਰੀ ਰੱਖੋਗੇ? ਕੀ ਅਸੀਂ ਘਰ ਵਿਚ ਤੇਰੀ ਮਦਦ ਕਰਨ ਲਈ ਕੋਈ ਚੀਜ਼ ਕਰ ਸਕਦੇ ਹਾਂ?
  - ਤੁਸੀਂ ਅੱਜ ਕਿੱਥੇ ਖੋਜ ਕੀਤੀ/ਖੇਡਿਆਂ (ਉਦਾਹਰਣ ਲਈ: ਬਲੌਕ, ਰੇਤਾ ਅਤੇ ਪਾਣੀ ਵਾਲੀਆਂ ਥਾਂਵਾਂ, ਲਾਇਬਰੇਰੀ ਜਾਂ ਬਾਹਰ ਨਾਟਕੀ, ਸਿਰਜਣਾਤਮਿਕ ਖੇਡ)? ਤੁਸੀਂ ਉੱਥੇ ਕੀ ਕੀਤਾ?
  - ਤੁਹਾਡੀ ਕਲਾਸ ਵਿਚ ਅੱਜ ਖਾਸ ਵਿਜ਼ਟਰ ਆਏ? ਉਹ ਕੌਣ ਸਨ? ਤੁਹਾਡੀ ਕਲਾਸ ਨਾਲ ਉਨ੍ਹਾਂ ਨੇ ਕਿਸ ਚੀਜ਼ ਬਾਰੇ ਗੱਲਾਂ ਕੀਤੀਆਂ? ਉਹ ਆਪਣੇ ਨਾਲ ਕੀ ਲੈ ਕੇ ਆਏ?
  - ਮੈਂ ਉਹ ਪਿਕਚਰ ਦੇਖੀ ਹੈ ਜਿਹੜੀ ਤੂੰ ਆਪਣੇ ਕਲਾਸਰੂਮ ਵਿਚ ਬੁਲੇਟਿਨ ਬੋਰਡ `ਤੇ ਲਗਾਈ ਹੈ। ਮੈਨੂੰ ਦੱਸ ਕਿ ਇਹ ਤੂੰ ਕਿਵੇਂ ਬਣਾਈ ਹੈ। ਤੂੰ ਇਹ ਫੈਸਲਾ ਕਿਵੇਂ ਕੀਤਾ ਕਿ ਕੀ ਬਣਾਉਣਾ ਹੈ? ਤੂੰ ਕਿਹੜੀ ਸਾਮੱਗਰੀ ਵਰਤੀ?
- ਆਪਣੇ ਬੱਚੇ ਦੇ ਸਕੂਲ ਜਾਉ। ਮਾਪਿਆਂ ਅਤੇ ਪਰਿਵਾਰਾਂ ਨੂੰ ਜਾਣਕਾਰੀ ਦੇਣ ਲਈ ਰੱਖੀਆਂ ਗਈਆਂ ਮੀਟਿੰਗਾਂ ਅਤੇ ਹੋਰ ਪ੍ਰੋਗਰਾਮਾਂ ਵਿਚ ਜਾਉ।
- ਘਰ ਅਤੇ ਸਕੂਲ ਵਿਚ ਆਪਣੇ ਬੱਚੇ ਦੇ ਸਿੱਖਣ ਦੇ ਅਨੁਭਵਾਂ ਬਾਰੇ ਆਪਣੇ ਬੱਚੇ ਦੇ ਟੀਚਰ ਜਾਂ ਮੁਢਲੇ ਬਚਪਨ ਬਾਰੇ ਅਧਿਆਪਕ ਨਾਲ ਗੱਲ ਕਰੋ।

## ਕੀ ਤੁਹਾਡੇ ਹੋਰ ਸੁਆਲ ਹਨ?

ਆਪਣੇ ਸਕੂਲ ਵਿਖੇ ਪੂਰੇ ਦਿਨ ਦੀ ਕਿੰਡਰਗਾਰਡਨ ਬਾਰੇ ਜ਼ਿਆਦਾ ਜਾਣਕਾਰੀ ਲਈ ਆਪਣੇ **ਸਕੂਲ ਦੇ ਪ੍ਰਿੰਸੀਪਲ ਅਤੇ ਟੀਚਰਾਂ ਨੂੰ ਪੁੱਛੋ।**

ਪੂਰੇ ਦਿਨ ਦੀ ਕਿੰਡਰਗਾਰਡਨ ਬਾਰੇ ਹੋਰ ਪਤਾ ਲਾਉਣ ਲਈ ਅਤੇ ਸਕੂਲਾਂ ਦੀ ਲਿਸਟ ਦੇਖਣ ਲਈ **ontario.ca/kindergarten** `ਤੇ ਜਾਉ।

ਅੰਗਰੇਜ਼ੀ ਅਤੇ ਫਰੈਂਚ ਵਿਚ ਜਾਣਕਾਰੀ ਲੈਣ ਲਈ ਓਂਟਾਰੀਓ ਵਿਚ **1-800-387-5514** `ਤੇ ਮੁਫਤ ਫੋਨ ਕਰੋ ਅਤੇ ਓਂਟਾਰੀਓ ਤੋਂ ਬਾਹਰੋਂ **(416) 325-2929** `ਤੇ ਫੋਨ ਕਰੋ।

ਬਹੁਤ ਸਾਰੀਆਂ ਭਾਸ਼ਾਵਾਂ ਵਿਚ ਇਹ ਬਰੋਸ਼ਰ ਅਤੇ ਮਾਪਿਆਂ ਲਈ ਹੋਰ ਜਾਣਕਾਰੀ **ontario.ca/EDUparents** `ਤੇ ਦੇਖੋ।



ISBN 978-1-4606-1293-4 (PDF) (Punjabi) © Queen's Printer for Ontario, 2016